ਹੈਲੋ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ

ਏ-ਸਵੇਇਲ (ਹੈਲੋ), ਤੁਹਾਡੇ ਨਾਲ ਇਕ ਵਾਰ ਫਿਰ ਗੱਲ ਕਰਕੇ ਚੰਗਾ ਲੱਗਾ ਹੈ।

ਮੈਂ ਕਿਹਾ ਸੀ ਕਿ ਅਸੀਂ ਤੁਹਾਡੇ ਨਾਲ ਦੁਬਾਰਾ ਛੇਤੀ ਗੱਲਬਾਤ ਕਰਾਂਗੇ ਅਤੇ ਮੈਂ ਤੁਹਾਨੂੰ ਇੱਥੇ ਨਵੀਂ ਜਾਣਕਾਰੀ ਦੇਣਾ ਚਾਹੁੰਦਾ ਹਾਂ। ਸਾਨੂੰ ਸਤੰਬਰ ਵਿਚ ਸਕੂਲ ਖੋਲ੍ਹਣ ਲਈ ਫਰੇਮਵਰਕ ਦੇ ਵੇਰਵੇ ਦੇਖਣਾ ਸ਼ੁਰੂ ਕਰਨ ਦਾ ਮੌਕਾ ਮਿਲਿਆ ਹੈ। ਆਪਣੇ ਪਿਛਲੇ ਸੁਨੇਹੇ ਵਿਚ, ਅਸੀਂ ਸਿਰਫ ਤੁਹਾਨੂੰ ਇਹ ਦੱਸਣਾ ਚਾਹੁੰਦੇ ਸੀ ਕਿ ਸਾਨੂੰ ਇਸ ਚੀਜ਼ ਬਾਰੇ ਮੁੱਖ ਇਤਲਾਹ ਮਿਲੀ ਹੈ ਕਿ ਸਕੂਲ ਖੋਲ੍ਹਣਾ ਕਿਸ ਤਰ੍ਹਾਂ ਦਾ ਦਿਖਾਈ ਦੇਣਾ ਚਾਹੀਦਾ ਹੈ ਅਤੇ ਅਸੀਂ ਟੋਲੀਆਂ ਵਿਚ ਸਕੂਲ ਚਲਾਉਣ ਲਈ ਆਪਣੀਆਂ ਪਲੈਨਾਂ `ਤੇ ਸਖਤ ਮਿਹਨਤ ਕਰ ਰਹੇ ਹਾਂ। ਮੈਂ ਟੋਲੀਆਂ ਬਾਰੇ ਹੋਰ ਗੱਲ ਕਰਨਾ ਚਾਹੁੰਦਾ ਹਾਂ ਅਤੇ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਸਕੂਲਾਂ ਵਿਚ ਪਲੈਨਿੰਗ ਕਰਨ ਲਈ ਅਤੇ ਸਾਡੇ ਸਟਾਫ ਅਤੇ ਵਿਦਿਆਰਥੀਆਂ ਲਈ ਇਸ ਦਾ ਕੀ ਮਤਲਬ ਹੈ।

ਸਭ ਤੋਂ ਪਹਿਲਾਂ, ਇਹ ਗੱਲ ਯਾਦ ਕਰਵਾਈ ਜਾਂਦੀ ਹੈ ਕਿ ਡਾਕਟਰ ਬੌਨੀ ਹੈਨਰੀ ਪਬਲਿਕ ਹੈਲਥ ਵਿਚ ਸਾਡੀ ਗਾਈਡ ਹੈ। ਉਸ ਦੀ ਸਲਾਹ ਅਤੇ ਉਸ ਦੇ ਆਰਡਰ ਸਰਕਾਰੀ ਐਕਸ਼ਨ ਲਈ ਸਟੇਜ ਬਣਾਉਂਦੇ ਹਨ ਅਤੇ ਸਾਨੂੰ ਸਾਰਿਆਂ ਨੂੰ ਸੇਧ ਪ੍ਰਦਾਨ ਕਰਦੇ ਹਨ, ਜਿਸ ਵਿਚ ਇਹ ਚੀਜ਼ ਵੀ ਸ਼ਾਮਲ ਹੈ ਕਿ ਅਸੀਂ ਕਦੋਂ ਅਤੇ ਕਿਵੇਂ ਸੁਰੱਖਿਅਤ ਤਰੀਕੇ ਨਾਲ ਸਕੂਲ ਨੂੰ ਵਾਪਸ ਜਾ ਸਕਦੇ ਹਾਂ।

ਡਾਕਟਰ ਹੈਨਰੀ ਵਲੋਂ ਤਜਵੀਜ਼ ਕੀਤਾ ਗਿਆ ਟੋਲੀਆਂ ਦਾ ਮਾਡਲ, ਮਹਾਂਮਾਰੀ ਨੂੰ ਕੰਟਰੋਲ ਕਰਨ ਬਾਰੇ ਹੈ ਅਤੇ ਇਸ ਦੀਆਂ ਜੜ੍ਹਾਂ ਉਸ ਦੇ ਕਹਿਣ ਮੁਤਾਬਕ ਪਬਲਿਕ ਹੈਲਥ ਦੀ "ਬਰੈੱਡ ਐਂਡ ਬਟਰ" ਵਿਚ ਹਨ ਜੋ ਕਿ ਕੰਨਟੈਕਟ ਟਰੇਸਿੰਗ (ਸੰਪਰਕ ਦਾ ਪਤਾ ਲਾਉਣਾ) ਹੈ। ਜਦੋਂ ਵਿਦਿਆਰਥੀ ਸਕੂਲ ਨੂੰ ਵਾਪਸ ਆਉਂਦੇ ਹਨ, ਉਨ੍ਹਾਂ ਨੂੰ ਟੋਲੀਆਂ ਵਿਚ ਰੱਖਣਾ ਅਤੇ ਪੜ੍ਹਾਉਣਾ, ਹੋਰ ਵਿਦਿਆਰਥੀਆਂ ਨਾਲ ਸੰਪਰਕ ਨੂੰ ਸੀਮਤ ਕਰਨ ਬਾਰੇ ਹੈ ਅਤੇ ਇਹ ਕੋਵਿਡ ਦੇ ਫੈਲਣ ਦੀ ਕੋਈ ਘਟਨਾ ਵਾਪਰ ਜਾਣ ਦੀ ਸੂਰਤ ਵਿਚ ਸਾਡੀਆਂ ਪਬਲਿਕ ਹੈਲਥ ਟੀਮਾਂ ਨੂੰ ਫੌਰਨ ਅਤੇ ਅਸਰਦਾਰ ਦਖਲਅੰਦਾਜ਼ੀ ਕਰਨ ਦੀ ਆਗਿਆ ਦੇਵੇਗਾ। ਐਲੀਮੈਂਟਰੀ ਸਕੂਲਾਂ ਵਿਚ 60 ਦੀਆਂ ਅਤੇ ਸੈਕੰਡਰੀ ਸਕੂਲਾਂ ਵਿਚ 120 ਦੀਆਂ ਟੋਲੀਆਂ ਬਣਾਉਣ ਦੇ ਆਦੇਸ਼ ਦਾ ਮਤਲਬ ਇਹ ਹੈ ਕਿ ਵਿਦਿਆਰਥੀਆਂ ਦੇ ਇਹ ਗਰੁੱਪ ਇਕੱਠੇ ਪੜ੍ਹਾਈ ਕਰਨਗੇ ਅਤੇ ਇਹ ਹੋਰ ਵਿਦਿਆਰਥੀਆਂ ਅਤੇ ਸਟਾਫ ਨਾਲ ਸੰਪਰਕ ਨੂੰ ਘੱਟ ਤੋਂ ਘੱਟ ਕਰਨ ਦਾ ਤਰੀਕਾ ਹੈ।

ਇਸ ਸਟੇਜ ਤੱਕ ਸਾਡੀ ਪਲੈਨਿੰਗ ਆਪਣੇ ਸੈਕੰਡਰੀ ਟਾਈਮਟੇਬਲਾਂ `ਤੇ ਦੁਬਾਰਾ ਵਿਚਾਰ ਕਰਨਾ ਹੈ ਜਿੱਥੇ ਟੋਲੀਆਂ ਦੇ ਸੰਕਲਪ ਦਾ ਸਭ ਤੋਂ ਜ਼ਿਆਦਾ ਅਸਰ ਪਵੇਗਾ। ਸਾਡੇ ਸੈਕੰਡਰੀ ਟਾਈਮਟੇਬਲ ਵਿਦਿਆਰਥੀਆਂ ਦੀਆਂ ਚੋਣਾਂ ਦੁਆਲੇ ਬਣਾਏ ਅਤੇ ਤਿਆਰ ਕੀਤੇ ਜਾਂਦੇ ਹਨ। ਇਹ ਗਰੇਡ, 10, 11 ਅਤੇ 12 ਵਿਚ ਖਾਸ ਤੌਰ `ਤੇ ਸਹੀ ਹੈ ਜਿਨ੍ਹਾਂ ਵਿਚ ਸਾਡਾ ਪਾਠਕ੍ਰਮ (ਕੁਰੀਕਲੱਮ) ਵੱਖ ਵੱਖ ਪ੍ਰਸਤਾਵਾਂ ਵਿਚ ਵੰਡਿਆ ਜਾਂਦਾ ਹੈ। ਉਦਾਹਰਨ ਲਈ, ਬੀ ਸੀ ਦੇ ਪਾਠਕ੍ਰਮ ਵਿਚ ਗਰੇਡ 10 ਵਿਚ 9 ਇੰਗਲਿਸ਼ ਲੈਂਗੂਏਜ ਆਰਟਸ ਕੋਰਸ ਹਨ ਅਤੇ 2 ਹਿਸਾਬ ਦੇ ਕੋਰਸ ਹਨ। ਗਰੇਡ 11 ਵਿਚ ਹਿਸਾਬ (ਮੈਥ) ਦੇ 5 ਕੋਰਸ ਹਨ। ਗਰੇਡ 12 ਸੋਸ਼ਲ ਸਟੱਡੀਜ਼ ਵਿਚ, 15 ਸੰਭਵ ਕੋਰਸ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਇਹ ਸਾਰੇ ਕੋਰਸ ਦਿੰਦੇ ਹਾਂ, ਪਰ ਇਸ ਦਾ ਮਤਲਬ ਇਹ ਹੈ ਕਿ ਜਦੋਂ ਤੁਸੀਂ ਗਰੇਡ 10 ਵਿਚ ਚਲੇ ਜਾਂਦੇ ਹੋ ਤਾਂ ਪਾਠਕ੍ਰਮ ਦੇ ਪੱਧਰ `ਤੇ ਇਕ ਸਾਈਜ਼ ਸਾਰਿਆਂ ਲਈ ਫਿੱਟ ਨਹੀਂ ਹੁੰਦਾ। ਵਿਦਿਆਰਥੀ ਦੀ ਚੋਣ ਅਤੇ ਸਕੂਲ ਕੀ ਦੇ ਸਕਦਾ ਅਤੇ ਦੇਵੇਗਾ ਇਹ ਮੰਗ ਕਰਦੇ ਹਨ ਕਿ ਟਾਈਮਟੇਬਲ ਕਿਵੇਂ ਬਣਨਗੇ। ਇੱਕੋ ਸਮੇਂ ਬਿਲਕੁਲ ਇਕ-ਸਾਮਾਨ ਕੋਰਸ ਲੈਣ ਵਾਲੇ 120 ਵਿਦਿਆਰਥੀਆਂ ਦਾ ਸੰਕਲਪ, ਸਾਡੇ ਲਈ ਇਕ ਨਵਾਂ ਢਾਂਚਾ ਹੈ। ਤਾਂ ਫਿਰ ਅਸੀਂ ਕਿਵੇਂ ਸ਼ੁਰੂ ਕਰ ਰਹੇ ਹਾਂ?

ਸਾਨੂੰ ਸੇਧ ਦੇਣ ਵਾਲੇ ਸਿਧਾਂਤ ਇਹ ਹਨ:

- ਅਸੀਂ ਸਕੂਲ ਵਿਚ ਵੱਧ ਤੋਂ ਵੱਧ ਇੰਨੇ ਵਿਦਿਆਰਥੀ ਚਾਹੁੰਦੇ ਹਾਂ ਜਿੰਨਾ ਕਰਨਾ ਪ੍ਰੈਕਟੀਕਲ ਅਤੇ ਸਿਹਤ ਦੀਆਂ ਗਾਈਡਲਾਈਨਾਂ ਦੇ ਵਿਚ ਵਿਚ ਹੋਵੇ;

- ਸੰਪਰਕ ਹੋਣ ਨੂੰ ਘੱਟ ਤੋਂ ਘੱਟ ਰੱਖਣ ਲਈ ਅਸੀਂ ਆਪਣੀਆਂ ਟੋਲੀਆਂ ਅਤੇ ਸੰਪਰਕ ਜਿੰਨਾ ਵੀ ਸੰਭਵ ਹੋਵੇ ਛੋਟੇ ਰੱਖਣੇ ਚਾਹੁੰਦੇ ਹਾਂ;
- ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਉਹ ਕੋਰਸ ਲੈਣ ਜਿਹੜੇ ਉਨ੍ਹਾਂ ਨੇ ਸਪਰਿੰਗ (ਬਹਾਰ ਰੁੱਤ) ਵਿਚ ਚੁਣੇ ਸਨ;
- ਅਸੀਂ ਚਾਹੁੰਦੇ ਹਾਂ ਕਿ ਸਾਡੇ ਵਿਦਿਆਰਥੀ ਗਰੈਜੂਏਸ਼ਨ ਦੇ ਉਸ ਰਾਹ `ਤੇ ਰਹਿਣ ਜਿਸ ਦੀ ਉਹ ਉਮੀਦ ਕਰਦੇ ਹਨ;
- ਅਸੀਂ ਚਾਹੁੰਦੇ ਹਾਂ ਕਿ ਸਾਡੇ ਟੀਚਰ ਉਹ ਕੋਰਸ ਪੜ੍ਹਾਉਣ ਜਿਹੜੇ ਉਹ ਆਮ ਤੌਰ `ਤੇ ਪੜ੍ਹਾਉਂਦੇ ਹਨ;
- ਅਸੀਂ ਚਾਹੁੰਦੇ ਹਾਂ ਕਿ ਸਾਡਾ ਸੁਪੋਰਟ ਸਟਾਫ ਉਨ੍ਹਾਂ ਕੋਰਸਾਂ ਵਿਚ ਸਹਾਇਤਾ ਅਤੇ ਮਦਦ ਕਰੇ ਜਿਹੜੇ ਉਹ ਜਾਣਦੇ ਹਨ; ਅਤੇ
- ਅਸੀਂ ਚਾਹੁੰਦੇ ਹਾਂ ਕਿ ਮਾਪੇ ਇਹ ਜਾਣਦੇ ਹੋਣ ਕਿ ਕੀ ਉਮੀਦ ਰੱਖਣੀ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੋਵੇ ਕਿ ਸਾਡੇ ਪੜ੍ਹਾਈ ਦੇ ਪ੍ਰੋਗਰਾਮ ਮਜ਼ਬੂਤ ਹਨ ਅਤੇ ਸਾਰੇ ਸਕੂਲਾਂ ਵਿਚ ਇਕਸਾਰ ਹਨ।

ਤੁਸੀਂ ਸਤੰਬਰ ਵਿਚ ਕੀ ਉਮੀਦ ਰੱਖ ਸਕਦੇ ਹੋ? ਜੇ ਤੁਸੀਂ ਐਲੀਮੈਂਟਰੀ ਸਕੂਲ ਵਿਚ ਹੋ ਤਾਂ ਕਿਰਪਾ ਕਰਕੇ ਇਹ ਉਮੀਦ ਰੱਖੋ ਕਿ ਸਾਡੇ ਸ਼ੁਰੂ ਕਰਨ ਦੇ ਆਮ ਨਿੱਤਨੇਮ ਵੱਖਰੇ ਹੋਣਗੇ। ਅਸੀਂ ਵਿਦਿਆਰਥੀਆਂ ਦੀਆਂ ਦਿਨ 1 ਅਤੇ 2 ਨੂੰ ਆਉਣ ਵੇਲੇ ਟੋਲੀਆਂ ਨਹੀਂ ਬਣਾ ਸਕਦੇ ਅਤੇ ਫਿਰ ਦੋ ਕੁ ਦਿਨਾਂ ਵਿਚ ਟੋਲੀਆਂ ਬਦਲ ਨਹੀਂ ਸਕਦੇ। ਇਹ ਸੰਪਰਕਾਂ ਨੂੰ ਘੱਟ ਤੋਂ ਘੱਟ ਰੱਖਣ ਦੇ ਸਿਧਾਂਤ ਦੇ ਵਿਰੁੱਧ ਹੋਵੇਗਾ। ਤੁਸੀਂ ਸਾਡੇ ਤੋਂ ਆਪਣੇ ਨਾਲ ਸੰਪਰਕ ਕੀਤੇ ਜਾਣ ਦੀ ਉਮੀਦ ਰੱਖ ਸਕਦੇ ਹੋ ਅਤੇ ਇਹ ਮਹੱਤਵਪੂਰਨ ਹੈ ਕਿ ਅਸੀਂ ਸੰਭਵ ਵੱਧ ਤੋਂ ਵੱਧ ਜਾਣਦੇ ਹੋਈਏ ਕਿ ਖੁੱਲ੍ਹਣ ਵਾਲੇ ਦਿਨ ਕੌਣ ਕਿਹੜੇ ਸਕੂਲ ਵਿਚ ਹਾਜ਼ਰੀ ਦੇਵੇਗਾ। ਫਿਰ ਅਸੀਂ ਉੱਥੋਂ ਟੋਲੀਆਂ ਬਣਾਉਣਾ ਸ਼ੁਰੂ ਕਰ ਸਕਦੇ ਹਾਂ ਅਤੇ ਅਸੀਂ ਮਾਪਿਆਂ ਨਾਲ ਸੰਪਰਕ ਕਰਾਂਗੇ।

ਜੇ ਤੁਸੀਂ ਸੈਕੰਡਰੀ ਸਕੂਲ ਵਿਚ ਹੋ ਤਾਂ ਐਲੀਮੈਂਟਰੀ ਵਾਂਗ ਹੀ, ਟੋਲੀਆਂ ਬਣਾਉਣ ਲਈ ਕੰਮ ਕਰਨ ਵੇਲੇ ਸਾਡੇ ਖੁੱਲ੍ਹਣ ਦੇ ਨਿੱਤਨੇਮ ਵੱਖਰੇ ਦਿਸਣ ਦੀ ਉਮੀਦ ਰੱਖੋ। ਸਾਡੇ ਸੈਕੰਡਰੀ ਸਕੂਲਾਂ ਵਿਚ ਸਤੰਬਰ ਵਿਚ ਕੋਰਸਾਂ ਦੀਆਂ ਤਬਦੀਲੀਆਂ ਆਮ ਗੱਲ ਹੈ, ਪਰ ਹੁਣ ਇਸ ਦਾ ਮਤਲਬ ਟੋਲੀਆਂ ਬਦਲਣਾ ਵੀ ਹੈ ਅਤੇ ਇਕ ਵਾਰ ਫਿਰ, ਸਾਨੂੰ ਤੇਜ਼ੀ ਨਾਲ ਵਿਦਿਆਰਥੀਆਂ ਨੂੰ ਟੋਲੀਆਂ ਵਿਚ ਪਾਉਣ ਦੀ ਲੋੜ ਹੈ ਅਤੇ ਟੋਲੀ ਵਿਚ ਹੋ ਜਾਣ ਤੋਂ ਬਾਅਦ, ਮਾਰਗ ਕਈ ਹਫਤਿਆਂ ਲਈ ਸੈੱਟ ਹੋ ਜਾਵੇਗਾ। ਜਿਵੇਂ ਡਾਕਟਰ ਬੌਨੀ ਹੈਨਰੀ ਨੇ ਸਪਰਿੰਗ ਵਿਚ ਸੁਝਾਅ ਦਿੱਤਾ ਸੀ, ਇਹ ਉਮੀਦ ਰੱਖੋ ਕਿ ਹਾਈਬ੍ਰਿਡ (ਮਿਸ਼ਰਤ) ਪੜ੍ਹਾਈ, ਔਨਲਾਈਨ ਅਤੇ ਆਹਮੋ-ਸਾਮ੍ਹਣੇ ਪੜ੍ਹਾਈ ਦਾ ਮਿਸ਼ਰਣ ਵਿਚਾਰ ਅਧੀਨ ਹੈ ਖਾਸ ਕਰਕੇ ਗਰੇਡ 10, 11 ਅਤੇ 12 ਵਿਚਲੇ ਸਾਡੇ ਵਿਦਿਆਰਥੀਆਂ ਲਈ। ਸਪਰਿੰਗ ਨਾਲੋਂ ਹੁਣ ਪਲੈਨ ਕਰਨ ਦੇ ਕਿਤੇ ਜ਼ਿਆਦਾ ਸਮੇਂ ਨਾਲ, ਜਿਹੜੇ ਹਾਈਬ੍ਰਿਡ ਮਾਡਲਾਂ ਦਾ ਅਸੀਂ ਪਤਾ ਲਾ ਰਹੇ ਹਾਂ, ਉਨ੍ਹਾਂ ਲਈ ਇਕਸਾਰਤਾ ਅਤੇ ਢਾਂਚਾ ਮੁੱਖ ਹੈ। ਭਾਵੇਂ ਕਿ 100 ਪ੍ਰਤੀਸ਼ਤ ਸਮੇਂ 100 ਪ੍ਰਤੀਸ਼ਤ ਵਿਦਿਆਰਥੀਆਂ ਦੀ ਹਾਜ਼ਰੀ ਵਾਲੇ ਮਾਡਲਾਂ ਦਾ ਪਤਾ ਲਾਉਣ ਲਈ ਅਸੀਂ ਵੱਧ ਤੋਂ ਵੱਧ ਸਖਤ ਮਿਹਨਤ ਕਰ ਰਹੇ ਹਾਂ, ਸਾਡੇ ਕਈ ਵੱਡੇ ਸੈਕੰਡਰੀ ਸਕੂਲਾਂ ਵਿਚ, ਜਿੱਥੇ 1400 ਨਾਲੋਂ ਜ਼ਿਆਦਾ ਵਿਦਿਆਰਥੀ ਹਨ ਅਤੇ ਕੁਝ ਵਿਚ ਤਾਂ 2000 ਤੱਕ ਵਿਦਿਆਰਥੀ ਹਨ, ਸ਼ੁਰੂ ਕਰਨ ਦੇ ਸਮੇਂ, ਲੰਚ ਦੇ ਸਮੇਂ ਵੱਖ ਵੱਖ ਰੱਖਣਾ ਜ਼ਰੂਰੀ ਹੋ ਸਕਦਾ ਹੈ ਅਤੇ ਟੋਲੀਆਂ ਦੇ ਆਪਸੀ ਸੰਪਰਕ ਨੂੰ ਕੰਟਰੋਲ ਕਰਨ ਦੇ ਯੋਗ ਹੋਣ ਲਈ ਹਾਜ਼ਰੀ ਨੂੰ ਸੀਮਤ ਕਰਨਾ ਪੈ ਸਕਦਾ ਹੈ ਜਿਹੜਾ ਸੰਪਰਕ ਲੰਚ ਦੇ ਸਮਿਆਂ ਅਤੇ ਬਰੇਕਾਂ ਦੌਰਾਨ ਸੰਭਵ ਹੋ ਸਕਦਾ ਹੈ। ਸੰਪਰਕ ਨੂੰ ਸਿਹਤ ਦੀਆਂ ਗਾਈਡਲਾਈਨਾਂ ਨਾਲ ਇਕਸਾਰ ਰੱਖਣਾ ਸਾਡੀ ਪਹਿਲੀ ਤਰਜੀਹ ਹੈ ਅਤੇ ਇਹ ਸਾਡੇ ਢਾਂਚਿਆਂ ਉੱਪਰ ਅਸਰ ਪਾਵੇਗੀ।

ਸਾਡੇ ਸਟਾਫ ਲਈ, ਇਹ ਜਾਣੋ ਕਿ ਅਸੀਂ ਆਪਣੀ ਕਿਊਪੀ ਅਤੇ ਐੱਸ ਟੀ ਏ ਲੀਡਜ਼ ਨਾਲ ਰਲ ਕੇ ਕੰਮ ਕਰ ਰਹੇ ਹਾਂ। ਅਸੀਂ ਜੋ ਪਤਾ ਲਾ ਰਹੇ ਹਾਂ ਉਸ ਬਾਰੇ ਆਪਣੀ ਗੱਲਬਾਤ ਵਿਚ ਸੁਪੋਰਟ ਸਟਾਫ ਅਤੇ ਟੀਚਰਾਂ ਨੂੰ ਸ਼ਾਮਲ ਕਰ ਰਹੇ ਹਾਂ ਤਾਂ ਜੋ ਸਾਨੂੰ ਉਸ ਅਸਰ ਬਾਰੇ ਪਤਾ ਹੋਵੇ ਜਿਹੜਾ ਵੱਖ ਵੱਖ ਬਹੁਤ ਸਾਰੇ ਰੋਲਾਂ ਉੱਪਰ ਪੈਂਦਾ ਹੈ ਜਿਹੜੇ ਕਲਰਕਾਂ, ਈਏਜ਼ ਅਤੇ ਕੇਅਰਟੇਕਰਾਂ ਤੋਂ ਲੈ ਕੇ ਸਾਡੇ ਨੌਨ-ਇਨਰੌਲਿੰਗ ਟੀਚਰਾਂ ਅਤੇ ਔਨ ਕਾਲ ਪੜ੍ਹਾ ਰਹੇ ਟੀਚਰਾਂ ਦਾ ਸਾਡਾ ਸਟਾਫ ਨਿਭਾਉਂਦਾ ਹੈ। ਅਸੀਂ ਆਪਣੇ ਸਟਰੌਂਗਸਟਾਰਟ ਪ੍ਰੋਗਰਾਮਾਂ ਅਤੇ ਉਨ੍ਹਾਂ ਲਈ ਇਨ੍ਹਾਂ ਦੇ ਭਾਵ-ਅਰਥਾਂ ਉੱਪਰ ਵੀ ਕੰਮ ਕਰ ਰਹੇ ਹਾਂ। ਅਸੀਂ ਸਾਡੀ ਡਿਸਟ੍ਰਿਕਟ ਪੇਰੈਂਟ ਐਡਵਾਈਜ਼ਰੀ ਕੌਂਸਲ ਅਤੇ ਹੋਰਨਾਂ ਤੱਕ ਵੀ ਪਹੁੰਚ ਕਰ ਰਹੇ ਹਾਂ ਤਾਂ ਜੋ ਇਹ ਪੱਕਾ ਹੋਵੇ ਕਿ ਮਾਪਿਆਂ ਦੇ ਸਵਾਲਾਂ ਅਤੇ ਸਰੋਕਾਰਾਂ ਦੇ ਜਵਾਬ ਦਿੱਤੇ ਜਾ ਰਹੇ ਹਨ ਜਿਸ ਵਿਚ ਖਾਸ ਤੌਰ `ਤੇ, ਇਹ ਸ਼ਾਮਲ ਹੈ ਕਿ ਖਾਸ ਲੋੜਾਂ ਵਾਲੇ ਵਿਦਿਆਰਥੀਆਂ ਅਤੇ ਵਾਧੂ ਮਦਦ ਦੀ ਲੋੜ ਵਾਲੇ ਵਿਦਿਆਰਥੀਆਂ ਲਈ ਇਸ ਦੇ ਕੀ ਅਰਥ ਹਨ। ਮੈਂ ਸਾਡੀਆਂ ਫਸਟ ਨੇਸ਼ਨਜ਼ ਕਮਿਊਨਿਟੀਆਂ ਤੱਕ ਵੀ ਪਹੁੰਚ ਕੀਤੀ ਹੈ ਅਤੇ ਸਾਡੇ ਮਾਡਲਾਂ ਬਾਰੇ ਉਨ੍ਹਾਂ ਨਾਲ ਸਿੱਧੇ ਕੰਮ ਕਰਨ ਦੀ ਪੇਸ਼ਕਸ਼ ਕੀਤੀ ਹੈ।

ਅਜੇ ਵੀ ਬਹੁਤ ਸਾਰੀ ਪਲੈਨਿੰਗ ਕਰਨ ਵਾਲੀ ਹੈ। ਸਾਡੇ ਵੇਰਵੇ ਸਪਸ਼ਟ ਹੋ ਰਹੇ ਹਨ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਬਹੁਤ ਛੇਤੀ ਅਸੀਂ ਮਾਪਿਆਂ ਅਤੇ ਆਪਣੀਆਂ ਕਮਿਉਨਟੀਆਂ ਨਾਲ ਅਸਲੀ ਟਾਈਮਟੇਬਲ ਦੇ ਢਾਂਚੇ ਸਾਂਝੇ ਕਰਨ ਦੇ ਯੋਗ ਹੋਵਾਂਗੇ। ਅਸੀਂ ਕੁਝ ਮੁੱਖ ਚੋਣਾਂ ਦਾ ਪਤਾ ਲਾ ਰਹੇ ਹਾਂ ਪਰ ਇਹ ਚੋਣਾਂ ਤੇਜ਼ੀ ਨਾਲ ਘਟਦੀਆਂ ਜਾ ਰਹੀਆਂ ਹਨ। ਜਿਵੇਂ ਜਿਵੇਂ ਖੁੱਲ੍ਹਣ ਦੇ ਦਿਨ ਦੇ ਨਿੱਤਨੇਮ ਸਪਸ਼ਟ ਹੋਣਗੇ, ਅਸੀਂ ਇਕ ਵਾਰ ਫਿਰ ਸੰਪਰਕ ਕਰਾਂਗੇ ਅਤੇ ਤੁਹਾਨੂੰ ਜਾਣਕਾਰੀ ਦਿੰਦੇ ਰਹਿਣ ਲਈ ਅਸੀਂ ਇਹ ਵੀਡਿਓ ਸੁਨੇਹੇ ਕਰਦੇ ਰਹਾਂਗੇ।

ਇਸ ਸਮੇਂ ਦੌਰਾਨ, ਕਿਰਪਾ ਕਰਕੇ ਆਪਣੀਆਂ ਗਰਮੀਆਂ ਦਾ ਆਨੰਦ ਮਾਣਨਾ ਜਾਰੀ ਰੱਖੋ। ਸਮਾਂ ਕੱਢੋ, ਆਰਾਮ ਕਰੋ ਅਤੇ ਤੰਦਰੁਸਤ ਰਹੋ।

ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼)